ਪੰਜਾਬ ਸਰਕਾਰ
ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
( ਡੀ.ਐਮ.3 ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ।

ਮੀਮੋ ਨੰ:-2/8/2007- 1 ਡੀ.ਐਮ.3/ 3303
ਚੰਡੀਗੜ੍ਹ, ਮਿਤੀ 22 ਜੂਨ, 2007

ਵਿਸ:- 1984 ਦੇ ਦੰਗਾਂ ਪੀੜਤਾਂ ਦੇ ਨਵੇ ਲਾਲ ਸ਼ਨਾਖਤੀ ਕਾਰਡ ਬਨਾਉਣ ਬਾਰੇ।

ਹਵਾਲਾ:- ਸਰਕਾਰ ਦਾ ਮੀਮੋ ਨੰ:- 1/2/2005-1 ਡੀ.ਐਮ.3/2696, ਮਿਤੀ 4-6-2007.

.......

ਹਵਾਲਾ ਅਧੀਨ ਪੱਤਰ ਅਨੁਸਾਰ 1984 ਦੇ ਜਿਹੜੇ ਦੰਗਾ ਪੀੜਤ ਕਿਸੇ ਨਾ ਕਿਸੇ ਕਾਰਣ ਪਹਿਲਾਂ ਲਾਲ ਸ਼ਨਾਖਤੀ ਕਾਰਡ ਨਹੀਂ ਬਣਵਾ ਸਕੇ ਸਨ, ਉਹਨਾਂ ਨੂੰ ਅਜਿਹੇ ਕਾਰਡ ਸਰਕਾਰ ਦੀਆਂ ਹਦਾਇਤਾਂ ਨੰ: 1(4)85-ਆਰ.ਆਰ.ਸੈਲ/1285, ਮਿਤੀ 24-12-1985, 2/3/91-ਆਰ.ਆਰ.-1/ 2571, ਮਿਤੀ 20-3-91 ਅਤੇ 1/8/1997-ਆਰ.ਆਰ-1/10062, ਮਿਤੀ 12-7-2002 ਵਿੱਚ ਦਰਜ ਹਦਾਇਤਾਂ ਅਨੁਸਾਰ ਬਨਵਾਉਣ ਦਾ ਇੱਕ ਹੋਰ ਮੌਕਾ ਦਿੱਤਾ ਗਿਆ ਹੈ। ਮਿਤੀ 24-12-1985 ਦੀਆਂ ਹਦਾਇਤਾਂ ਅਨੁਸਾਰ ਅਜਿਹੇ ਕਾਰਡ ਬਨਵਾਉਣ ਦੇ ਇੱਛੁਕ ਵਿਅਕਤੀ ਦੀ ਅਰਜ਼ੀ ਉਸ ਦੇ ਮਿਤੀ 1-11-1984 ਤੋਂ 11-12-1985 ਤੱਕ ਹੋਰ ਰਾਜ ਤੋਂ ਪੰਜਾਬ ਵਿੱਚ ਆਏ ਹੋਣ ਬਾਰੇ ਸਥਾਨਕ ਐਮ.ਐਲ.ਏ. ਵੱਲੋਂ ਪ੍ਰਮਾਣਿਤ ਕੀਤੇ ਹੋਣ ਦੀ ਸ਼ਰਤ ਵੀ ਹੈ।

2. ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਐਮ.ਐਲ.ਏ. ਦਾ ਹਰ ਸਮੇ ਉਪਲੱਬਧ ਨਾ ਹੋਣਾ ਦੇਰੀ ਅਤੇ ਜਨਤਾ ਨੂੰ ਅਸੁਵਿਧਾ ਦਾ ਕਾਰਨ ਬਣਦਾ ਹੈ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਦੰਗਾ ਪੀੜਤਾਂ ਦੇ ਲਾਲ ਸ਼ਨਾਖਤੀ ਕਾਰਡ ਬਨਵਾਉਣ ਦੀ ਅਰਜ਼ੀ ਤੇ ਸੰਬੰਧਤ ਉਪ ਮੰਡਲ ਮੈਜਿਸਟਰੇਟ ਵੱਲੋ ਸੁਨਿਸਚਤ ਕਰਕੇ ਪ੍ਰਮਾਣਿਤ ਕੀਤਾ ਜਾਵੇ ਕਿ ਅਰਜ਼ੀਕਾਰ ਹੋਰ ਰਾਜ ਤੋਂ ਮਿਤੀ 1.11.1984 ਤੋਂ 11.12.1985 ਦੇ ਸਮੇ ਦੌਰਾਨ ਪੰਜਾਬ ਵਿੱਚ ਆ ਕੇ ਵੱਸਿਆ ਹੋਇਆ ਹੈ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੰਗਾਂ ਪੀੜਤਾਂ ਦੀਆਂ ਲਾਲ ਸ਼ਨਾਖਤੀ ਕਾਰਡ ਬਨਵਾਉਣ ਦੀਆਂ ਅਰਜ਼ੀਆਂ ਪ੍ਰਾਪਤ ਕਰਕੇ ਤੁਰੰਤ ਲੋੜੀਦੀ ਪ੍ਰਮਾਣਿਕਤਾ ਸਬੰਧਤ ਉਪ ਮੰਡਲ ਮੈਜਿਸਟਰੇਟਾਂ ਤੋ ਕਰਵਾਈ ਜਾਵੇ ਅਤੇ ਬਾਕੀ ਕਾਰਵਾਈ ਹਵਾਲਾ ਅਧੀਨ ਪੱਤਰ ਵਿੱਚ ਦਰਜ ਅਨੁਸਾਰ ਕੀਤੀ ਜਾਵੇ।

ਸਕੱਤਰ ਮਾਲ